ਨਿਊਜ਼ ਰੀਲੀਜ਼

Ontario

23 ਮਾਰਚ 2023

# ਇੱਕ ਮਜ਼ਬੂਤ ਓਨਟਾਰੀਓ ਬਣਾਉਣਾ

## 2023 ਬਜਟ *ਅੱਜ ਅਤੇ ਭਵਿੱਖ ਵਿੱਚ ਲਚਕੀਲੇ ਅਰਥਚਾਰੇ ਲਈ ਪਲਾਨ ਦਿੰਦਾ ਹੈ*

ਟੋਰਾਂਟੋ — ਅੱਜ ਵਿੱਤ ਮੰਤਰੀ Peter Bethlenfalvy ਨੇ *2023 ਬਜਟ: ਮਜ਼ਬੂਤ ਓਨਟਾਰੀਓ ਦਾ ਨਿਰਮਾਣ* ਜਾਰੀ ਕੀਤਾ। ਇਹ ਪਲਾਨ ਹੈ, ਜੋ ਭਵਿੱਖ ਦੀਆਂ ਪੀੜ੍ਹੀਆਂ ਲਈ ਇੱਕ ਮਜ਼ਬੂਤ ਵਿੱਤੀ ਨੀਂਹ ਰੱਖਦੇ ਹੋਏ ਅੱਜ ਲੋਕਾਂ ਅਤੇ ਕਾਰੋਬਾਰਾਂ ਦੀ ਮਦਦ ਕਰਨ ਲਈ ਇੱਕ ਜ਼ਿੰਮੇਵਾਰ, ਟੀਚੇਬੱਧ ਪਹੁੰਚ ਨਾਲ ਚੱਲ ਰਹੇ ਸੰਸਾਰ ਆਰਥਿਕ ਅਨਿਸ਼ਚਿਤਤਾ ਨਾਲ ਨਿਪਟਦਾ ਹੈ।

ਮੰਤਰੀ Bethlenfalvy ਨੇ ਕਿਹਾ, "ਓਨਟਾਰੀਓ ਦੀ ਆਰਥਿਕਤਾ ਲਚਕੀਲੀ ਬਣੀ ਹੋਈ ਹੈ, ਪਰ ਅੱਗੇ ਦਾ ਰਾਹ ਅਜੇ ਵੀ ਅਨਿਸ਼ਚਿਤ ਹੈ। ਸਾਡੀ ਸਰਕਾਰ ਕੋਲ ਇਹਨਾਂ ਚੁਣੌਤੀਆਂ ਨਾਲ ਨਿਪਟਣ ਲਈ ਸਹੀ ਪਲਾਨ ਹੈ। ਅਸੀਂ ਓਨਟਾਰੀਓ ਦਾ ਨਿਰਮਾਣ ਕਰ ਰਹੇ ਹਾਂ ਤਾਂ ਜੋ ਸਾਡੇ ਕੋਲ ਭਵਿੱਖ ਲਈ ਇੱਕ ਮਜ਼ਬੂਤ ਆਰਥਿਕਤਾ ਅਤੇ ਪੂਰੇ ਸੂਬੇ ਵਿੱਚ ਵਿਕਾਸ ਨੂੰ ਸਮਰਥਨ ਦੇਣ ਲਈ ਲੋੜੀਂਦਾ ਬੁਨਿਆਦੀ ਢਾਂਚਾ ਹੋਵੇ।"

ਸਰਕਾਰ ਦਾ ਪਲਾਨ ਲਾਗਤਾਂ ਨੂੰ ਘਟਾ ਕੇ, ਮੁੱਖ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਬਣਾ ਕੇ, ਅਤੇ ਕਾਰੋਬਾਰਾਂ, ਪਰਿਵਾਰਾਂ ਅਤੇ ਕਰਮਚਾਰੀਆਂ ਦੀ ਮਦਦ ਲਈ ਵਧੇਰੇ ਨੌਕਰੀਆਂ ਅਤੇ ਨਿਵੇਸ਼ ਲਿਆ ਕਰਕੇ ਵਿਕਾਸ ਨੂੰ ਵਧਾਉਣ ਲਈ ਮਹੱਤਵਪੂਰਨ ਕਾਰਵਾਈਆਂ ਕਰ ਰਹੀ ਹੈ। ਹਾਈਲਾਈਟਾਂ ਵਿੱਚ ਸ਼ਾਮਲ ਹਨ:

- ਨਵਾਂ Ontario Made Manufacturing Investment Tax Credit (ਓਨਟਾਰੀਓ ਵਿੱਚ ਨਿਰਮਤ ਨਿਵੇਸ਼ ਟੈਕਸ ਕਰੈਡਿਟ) ਜਾਰੀ ਕਰਨਾ, ਜੋ ਲੋਕਲ ਨਿਰਮਾਤਾਵਾਂ ਨੂੰ ਉਹਨਾਂ ਦੀਆਂ ਕੀਮਤਾਂ ਘਟਾਉਣ, ਕਾਮਿਆਂ ਵਿੱਚ ਨਿਵੇਸ਼ ਕਰਨ, ਨਵੀਨਤਾ ਕਰਨ ਅਤੇ ਹੋਰ ਮੁਕਾਬਲੇਯੋਗ ਬਣਨ ਵਿੱਚ ਮਦਦ ਵਾਸਤੇ 10 ਫੀਸਦੀ ਧਨ-ਵਾਪਸੀ-ਯੋਗ Corporate Income Tax (ਕਾਰਪੋਰੇਟ ਇਨਕਮ ਟੈਕਸ) ਕਰੈਡਿਟ ਦੇਵੇਗਾ।
- ਓਨਟਾਰੀਓ ਦੀ ਮਹੱਤਵਪੂਰਨ ਖਣਿਜ ਕਾਰਜਨੀਤੀ (Critical Minerals Strategy) ਨੂੰ ਅੱਗੇ ਵਧਾਉਣਾ, ਜੋ ਕਿ ਉੱਤਰੀ ਓਨਟਾਰੀਓ ਵਿੱਚ ਉਦਯੋਗਾਂ, ਸਾਧਨਾਂ ਅਤੇ ਕਾਮਿਆਂ ਅਤੇ ਦੱਖਣੀ ਓਨਟਾਰੀਓ ਵਿੱਚ ਨਿਰਮਾਣ, ਜਿਸ ਵਿੱਚ ਓਨਟਾਰੀਓ ਅਧਾਰਿਤ ਇਲੈਕਟ੍ਰਿਕ ਵਹਕੀਲ (EV) ਅਤੇ ਬੈਟਰੀ ਨਿਰਮਾਣ ਸ਼ਾਮਲ ਹੈ, ਵਿਚਕਾਰ ਬਿਹਤਰ ਸਪਲਾਈ ਚੇਨ ਦਾ ਸਮਰਥਨ ਕਰਦੀ ਹੈ। ਸਰਕਾਰ ਓਨਟਾਰੀਓ ਜੂਨੀਅਰ ਐਕਸਪਲੋਰੇਸ਼ਨ ਪ੍ਰੋਗਰਾਮ (Ontario Junior Exploration Program) ਵਿੱਚ 2023-24 ਲਈ $3 ਮਿਲੀਅਨ ਅਤੇ 2024-25 ਲਈ $3 ਮਿਲੀਅਨ ਦਾ ਹੋਰ ਨਿਵੇਸ਼ ਕਰ ਰਹੀ ਹੈ ਤਾਂ ਕਿ ਹੋਰ ਕੰਪਨੀਆਂ ਸੰਭਾਵਿਤ ਖਣਿਜ ਭੰਡਾਰਾਂ ਲਈ ਖੋਜ ਕਰ ਸਕਣ ਅਤੇ ਇਸ ਵਧ ਰਹੇ ਖੇਤਰ ਵਿੱਚ ਹੋਰ ਨਿਵੇਸ਼ਾਂ ਨੂੰ ਆਕਰਸ਼ਿਤ ਕਰ ਸਕਣ। ਸਰਕਾਰ Ring of Fire ਤੱਕ ਸੜਕਾਂ ਬਣਾਉਣ ਦਾ ਕੰਮ ਵੀ ਜਾਰੀ ਰੱਖ ਰਹੀ ਹੈ।
- ਓਨਟਾਰੀਓ ਨੂੰ EV ਸਪਲਾਈ ਚੇਨ 'ਤੇ ਇੱਕ ਗਲੋਬਲ ਲੀਡਰ ਵਜੋਂ ਸਥਾਪਿਤ ਕਰਨ ਲਈ ਗਲੋਬਲ ਆਟੋ-ਨਿਰਮਾਤਾਵਾਂ ਅਤੇ EV ਬੈਟਰੀਆਂ ਅਤੇ ਬੈਟਰੀ ਸਮੱਗਰੀ ਦੇ ਸਪਲਾਇਰਾਂ ਦੁਆਰਾ ਨਿਵੇਸ਼ਾਂ ਵਿੱਚ $16 ਬਿਲੀਅਨ ਤੋਂ ਵੱਧ ਨੂੰ ਆਕਰਸ਼ਿਤ ਕਰਨਾ, ਇੱਥੋਂ ਤੱਕ ਕਿ St. Thomas, ਓਨਟਾਰੀਓ ਵਿਖੇ EV ਬੈਟਰੀ ਨਿਰਮਾਣ ਸਹੂਲਤ ਸਥਾਪਤ ਕਰਨ ਲਈ Volkswagen AG ਦੀ ਸਹਾਇਕ ਕੰਪਨੀ ਲਈ ਸਭ ਤੋਂ ਤਾਜ਼ਾ ਐਲਾਨ ਤੋਂ ਵੀ ਪਹਿਲਾਂ।

- ਬੁਨਿਆਦੀ ਢਾਂਚੇ ਸੰਬੰਧੀ ਪ੍ਰਮੁੱਖ ਪ੍ਰੋਜੈਕਟਾਂ ਉੱਤੇ ਨਿਰਮਾਣ ਸ਼ੁਰੂ ਕਰਕੇ ਗਰਿੱਡ-ਲਾਕ ਨੂੰ ਘਟਾਉਣ, ਨੌਕਰੀਆਂ ਪੈਦਾ ਕਰਨ ਅਤੇ ਕਮਿਊਨਟੀਆਂ ਨੂੰ ਜੋੜਨਾ ਜਾਰੀ ਰੱਖਣਾ, ਜਿਸ ਵਿੱਚ ਭਵਿੱਖ ਦੇ Bradford Bypass ਉੱਤੇ ਪੁਲ ਬਣਾਉਣਾ, Kitchener ਅਤੇ Guelph ਵਿਚਕਾਰ ਨਵੇਂ Highway 7 ਲਈ ਉਸਾਰੀ ਦਾ ਅਗਲਾ ਚਰਣ, Pickering ਤੋਂ ਪੂਰਬੀ ਓਨਟਾਰੀਓ ਤੱਕ Highway 401 ਨੂੰ ਚੌੜਾ ਕਰਨ ਦੇ ਕੰਮ ਨੂੰ ਜਾਰੀ ਰੱਖਣ ਦੇ ਨਾਲ ਨਾਲ Highway 413 ਬਣਾਉਣ ਦੇ ਪਲਾਨ ਨਾਲ ਅੱਗੇ ਵਧਾਉਣਾ ਸ਼ਾਮਲ ਹੈ।
- ਪ੍ਰਾਈਵੇਟ-ਖੇਤਰ ਦੀ ਮੁਹਾਰਤ ਦਾ ਫਾਇਦਾ ਲੈਣ ਅਤੇ ਸਿਖਲਾਈ ਕੇਂਦਰਾਂ, ਜਿਸ ਵਿੱਚ ਕਾਮਿਆਂ ਵਾਸਤੇ ਹੋਰ ਪਹੁੰਚਯੋਗ, ਲਚਕੀਲੇ ਸਿਖਲਾਈ ਦੇ ਮੌਕੇ ਦੇਣ ਲਈ ਯੂਨੀਅਨ ਸਿਖਲਾਈ ਹਾਲ ਸ਼ਾਮਲ ਹਨ, ਵਧਾਉਣ ਲਈ ਸਕਿੱਲਜ਼ ਡਿਵੈਲਪਮੈਂਟ ਫੰਡ (Skills Development Fund) ਦੀ ਨਵੇਂ ਪੂੰਜੀ ਸਟਰੀਮ ਲਈ 2023-24 ਵਿੱਚ $224 ਮਿਲੀਅਨ ਦਿੱਤੇ ਜਾ ਰਹੇ ਹਨ।
- ਵੱਧ ਮੁਹਾਰਤ ਵਾਲੇ ਕਾਮਿਆਂ, ਜਿਸ ਵਿੱਚ ਮੁਹਾਰਤ ਵਾਲੇ ਟਰੇਡਾਂ ਵਿੱਚ ਮੰਗ ਵਾਲੇ ਪੇਸ਼ੇਵਰਾਂ ਸ਼ਾਮਲ ਹਨ, ਨੂੰ ਸੂਬੇ ਵਿੱਚ ਲਿਆਉਣ ਲਈ ਤਿੰਨ ਸਾਲਾਂ ਦੌਰਾਨ ਹੋਰ $25 ਮਿਲੀਅਨ ਨਾਲ ਓਨਟਾਰੀਓ ਇੰਮੀਗਰੈਂਟ ਨੌਮੀਨੀ ਪ੍ਰੋਗਰਾਮ (Ontario Immigrant Nominee Program) ਵਿੱਚ ਵਾਧਾ ਕਰਨਾ।

ਕਾਮਿਆਂ ਲਈ ਕੰਮ ਕਰਕੇ, ਕੀਮਤਾਂ ਨੂੰ ਘੱਟ ਰੱਖ ਕੇ ਅਤੇ ਬਿਹਤਰ ਸੇਵਾਵਾਂ ਮੁਹੱਈਆ ਕਰਕੇ, ਹਰ ਕਿਸੇ ਕੋਲ ਓਨਟਾਰੀਓ ਦੇ ਪਲਾਨ ਦਾ ਹਿੱਸਾ ਬਣਨ ਅਤੇ ਉਸ ਤੋਂ ਫਾਇਦਾ ਲੈਣ ਦਾ ਮੌਕਾ ਹੋਵੇਗਾ। ਹਾਈਲਾਈਟਾਂ ਵਿੱਚ ਸ਼ਾਮਲ ਹਨ:

- ਪ੍ਰੋਜੈਕਟ ਦੇ ਵਿਕਾਸ ਨੂੰ ਉਸ ਦੀ ਪ੍ਰਵਾਨਗੀ ਦੇ ਅਗਲੇ ਗੇੜ ਵਲ ਤੇਜ਼ੀ ਨਾਲ ਅੱਗੇ ਵਧਾਉਣ ਲਈ $9.6 ਮਿਲੀਅਨ ਦੇ ਵਾਧੂ ਨਿਵੇਸ਼ ਨਾਲ ਟੋਰਾਂਟੋ ਅਤੇ ਪੀਲ ਵਿੱਚ ਉਸਾਰੀ ਵੱਲ ਦੋਹਰੀ-ਸਾਈਟ ਪ੍ਰੋਜੈਕਟ ਨੂੰ ਅੱਗੇ ਵਧਾ ਕੇ, Runnymede Healthcare Centre ਦੇ First Responders Wellness and Rehabilitation Centre (ਫਸਟ ਰਿਸਪਾਂਡਰ ਵੈਲਨੈਸ ਐਂਡ ਰੀਹੈਬੀਟੇਸ਼ਨ ਸੈਂਟਰ) ਵਿਖੇ ਦੁਖਦਾਈ ਘਟਨਾ ਤੋਂ ਬਾਅਦ ਤਣਾਅ ਦੀ ਸੱਟ ਅਤੇ ਹੋਰ ਸਮਕਾਲੀ ਮਾਨਸਿਕ ਸਿਹਤ ਵਿਗੜਾਂ ਸਾਹਮਣਾ ਕਰਨ ਵਾਲੇ ਫਸਟ ਰਿਸਪਾਂਡਰਾਂ ਨੂੰ ਦੇਖਭਾਲ ਦੀ ਪੂਰੀ ਨਿਰੰਤਰਤਾ ਦਾ ਸਮਰਥਨ ਕਰਨਾ।
- ਜੁਲਾਈ 2024 ਤੋਂ ਸ਼ੁਰੂ ਹੋਕੇ, Guaranteed Annual Income System (GAINS - ਗਾਰੰਟੀਸ਼ੁਦਾ ਸਾਲਨਾ ਇਨਕਮ ਸਿਸਟਮ) ਪ੍ਰੋਗਰਾਮ ਨੂੰ ਵਧਾਉਣ ਲਈ ਤਬਦੀਲੀਆਂ ਵਾਸਤੇ ਪੇਸ਼ਕਸ਼ ਦੇ ਕੇ ਹੋਰ ਸੀਨੀਅਰਾਂ ਨੂੰ ਵਿੱਤੀ ਸਹਾਇਤਾ ਦੇਣਾ, ਜਿਸ ਨਾਲ 100,000 ਹੋਰ ਸੀਨੀਅਰ ਪ੍ਰੋਗਰਾਮ ਅਤੇ ਸਾਲਾਨਾ ਤੌਰ ਤੇ ਮਹਿੰਗਾਈ ਦਰ ਦੇ ਮੁਤਾਬਕ ਕੀਤੇ ਜਾਣ ਵਾਲੇ ਫਾਇਦੇ ਲਈ ਪਾਤਰ ਹੋਣ ਸਕਣਗੇ।
- ਫੈਡਰਲ ਸਰਕਾਰ ਨੂੰ ਰਿਹਾਇਸ਼ਾਂ ਸੰਬੰਧੀ ਸਮਰੱਥਾ ਦੇ ਚੱਲ ਰਹੇ ਸੰਕਟ ਨਾਲ ਨਜਿੱਠਣ ਲਈ ਸਾਰੇ ਨਵੇਂ ਵੱਡੇ ਪੱਧਰ ਦੇ ਮਕਸਦ ਨਾਲ ਬਣੇ ਕਿਰਾਏ ਦੇ ਹਾਊਸਿੰਗ ਪ੍ਰੋਜੈਕਟਾਂ ਉੱਤੇ Harmonized Sales Tax (HST - ਸੰਗਠਿਤ ਵਿਕਰੀ ਟੈਕਸ) ਨੂੰ ਮੁਲਤਵੀ ਕਰਨ ਲਈ ਕਿਹਾ ਗਿਆ ਹੈ। ਓਨਟਾਰੀਓ ਇਸ ਢੰਗ ਦਾ ਸਮਰਥਨ ਕਰੇਗਾ, ਕਿਉਂਕਿ ਇਹ ਨੌਕਰੀਆਂ ਪੈਦਾ ਕਰਨ, ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਅਤੇ ਵਿਕਾਸ ਨੂੰ ਸਮਰਥਨ ਦੇਣ ਵਿੱਚ ਮਦਦ ਕਰਦੇ ਹੋਏ ਹੋਰ ਕਿਰਾਏ ਦੇ ਰਿਹਾਇਸ਼ੀ ਯੂਨਿਟਾਂ ਦੇ ਨਿਰਮਾਣ ਨੂੰ ਉਤਸ਼ਾਹਿਤ ਕਰੇਗਾ।
- ਬੇਘਰ ਹੋਏ ਜਾਂ ਹੋਣ ਦੇ ਖ਼ਤਰੇ ਵਿੱਚ, ਮਾਨਸਿਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਨਾਲ ਜੂਝ ਰਹੇ, ਨੇੜਲੇ ਸਾਥੀ ਦੀ ਹਿੰਸਾ ਤੋਂ ਬਚ ਨਿਕਲੇ ਲੋਕਾਂ ਦੀ ਮਦਦ ਕਰਨ ਅਤੇ ਸਹਾਇਤਾ-ਪ੍ਰਾਪਤ ਰਿਹਾਇਸ਼ਾਂ ਦੇਣ ਵਾਲੀਆਂ ਕਮਿਊਨਟੀ ਸੰਸਥਾਵਾਂ ਦੀ ਸਹਾਇਤਾ ਕਰਨ ਲਈ ਹਰ ਸਾਲ ਬੇਘਰ ਹੋਣ ਦੀ ਰੋਕਥਾਮ ਪ੍ਰੋਗਰਾਮ (Homelessness Prevention Program) ਅਤੇ ਇੰਡਿਜਨਸ ਸਪੋਰਟਿਵ ਹਾਊਸਿੰਗ ਪ੍ਰੋਗਰਾਮ (Indigenous Supportive Housing Program) ਵਿੱਚ ਵਾਧੂ $202 ਮਿਲੀਅਨ ਦੇ ਨਾਲ ਸਪੋਰਟਿਵ ਹਾਊਸਿੰਗ ਵਿੱਚ ਨਿਵੇਸ਼ ਕਰਨਾ।

- 2023 ਵਿੱਚ ਸ਼ੁਰੂਆਤ ਕਰਕੇ, 100 ਅੰਡਰਗਰੈਜੂਏਟ ਸੀਟਾਂ ਦੇ ਨਾਲ-ਨਾਲ 2024 ਤੋਂ ਸ਼ੁਰੂਆਤ ਕਰਕੇ ਅਤੇ ਅੱਗੇ ਜਾਂਦੇ ਹੋਏ ਦੇਸ਼ ਅਤੇ ਵਿਦੇਸ਼ ਵਿੱਚ ਸਿਖਲਾਈ ਪ੍ਰਾਪਤ ਓਨਟਾਰੀਓ ਨਿਵਾਸੀਆਂ ਨੂੰ ਪਹਿਲ ਦੇਣ ਲਈ 154 ਪੋਸਟ ਗ੍ਰੈਜੂਏਟ ਮੈਡੀਕਲ ਸਿਖਲਾਈ ਸੀਟਾਂ ਜੋੜਨ  ਲਈ ਤਿੰਨ ਸਾਲਾਂ ਵਿੱਚ ਵਾਧੂ $33 ਮਿਲੀਅਨ ਦਾ ਨਿਵੇਸ਼ ਕਰਕੇ ਓਨਟਾਰੀਓ ਦੇ ਹੋਰ ਵਿਦਿਆਰਥੀਆਂ ਨੂੰ ਡਾਕਟਰ ਬਣਨ ਵਿੱਚ ਮਦਦ ਕਰਨਾ। ਓਨਟਾਰੀਓ ਦੇ ਨਿਵਾਸੀਆਂ ਨੂੰ ਸੂਬੇ ਵਿੱਚ ਮੈਡੀਕਲ ਸਕੂਲਾਂ ਵਿੱਚ ਅੰਡਰ-ਗਰੈਜੂਏਟ ਥਾਂਵਾਂ ਲਈ ਪਹਿਲ ਤਰਜੀਹ ਦਿੱਤੇ ਜਾਣਾ ਵੀ ਜਾਰੀ ਰਹੇਗਾ।

- ਫੌਲ 2023 ਵਿੱਚ ਸ਼ੁਰੂਆਤ ਕਰਕੇ, ਫਾਰਮਾਸਿਸਟਾਂ ਨੂੰ ਹਲਕੀਆਂ ਤੋਂ ਦਰਮਿਆਨੀਆਂ ਫਿਣਸੀਆਂ, ਨਾਸੂਰ ਜ਼ਖਮਾਂ (canker sores), ਡਾਇਪਰ ਡਰਮੇਟਾਇਟਸ, ਖਮੀਰ ਦੀ ਲਾਗ, ਪਿਨਵਰਮ ਤੇ ਥਰੇਡਵਰਮ, ਅਤੇ ਗਰਭ ਦੇ ਦੌਰਾਨ ਮਤਲੀ ਅਤੇ ਉਲਟੀਆਂ ਸਮੇਤ ਵਧ ਆਮ ਬੀਮਾਰੀਆਂ ਲਈ ਓਵਰ-ਦਾ-ਕਾਊਂਟਰ ਦਵਾਈਆਂ ਲਈ ਨੁਸਖ਼ੇ ਲਿਖਣ ਦੀ ਇਜਾਜ਼ਤ ਦੇਣ ਵਾਸਤੇ ਪ੍ਰੋਗਰਾਮ ਨੂੰ ਵਧਾਉਣਾ।

- ਹੋਰ ਲੋਕਾਂ ਨੂੰ ਮਾਨਸਿਕ ਸਿਹਤ ਅਤੇ ਨਸ਼ਿਆਂ ਦੀ ਲਤ ਸੰਬੰਧੀ ਸੇਵਾਵਾਂ ਨਾਲ ਜੋੜਨ ਲਈ ਤਿੰਨ ਸਾਲਾਂ ਦੇ ਦੌਰਾਨ $425 ਮਿਲੀਅਨ ਹੋਰ ਮੁਹੱਈਆ ਕਰਨਾ, ਜਿਸ ਵਿੱਚ ਸਿਹਤ ਮੰਤਰਾਲੇ ਵਲੋਂ ਫੰਡ ਕੀਤੇ ਗਏ ਕਮਿਊਨਟੀ ਅਧਾਰਿਤ ਮਾਨਸਿਕ ਸਿਹਤ ਅਤੇ ਨਸ਼ਿਆਂ ਦੀ ਲਤ ਸੰਬੰਧੀ ਸੇਵਾਵਾਂ ਦੇ ਮੂਲ ਫੰਡਾਂ ਵਿੱਚ ਪੰਜ ਫ਼ੀਸਦੀ ਵਾਧਾ ਸ਼ਾਮਲ ਹੈ।

- ਹੋਰ ਲੋਕਾਂ ਨੂੰ ਆਪਣੇ ਘਰ ਅਤੇ ਕਮਿਊਨਟੀ ਦੇ ਆਰਾਮ ਵਿੱਚ ਦੇਖਭਾਲ ਨਾਲ ਜੋੜਨ ਲਈ ਤਿੰਨ ਸਾਲਾਂ ਦੇ ਦੌਰਾਨ $1 ਬਿਲੀਅਨ ਦੇ ਨਿਵੇਸ਼ ਲਈ *2022 ਬਜਟ*ਦੀ ਵਚਨਬੱਧਤਾ ਨੂੰ ਜਾਰੀ ਰੱਖਣਾ। ਸਰਕਾਰ 2023-24 ਵਿੱਚ ਫੰਡਿਗ ਨੂੰ $569 ਮਿਲੀਅਨ ਤੱਕ ਲਿਆਉਣ ਲਈ ਹੁਣ ਨਿਵੇਸ਼ਾਂ ਵਿੱਚ ਤੇਜ਼ੀ ਲਿਆ ਰਹੀ ਹੈ, ਜਿਸ ਵਿੱਚ ਹੋਮ ਅਤੇ ਕਮਿਊਨਿਟੀ ਕੇਅਰ ਵਰਕਫੋਰਸ ਨੂੰ ਸਥਿਰ ਕਰਨ ਲਈ ਇਕਰਾਰਨਾਮੇ ਦੀ ਦਰ ਵਿੱਚ ਵਾਧਿਆਂ ਦਾ ਸਮਰਥਨ ਕਰਨ ਲਈ ਲਗਭਗ $300 ਮਿਲੀਅਨ ਸ਼ਾਮਲ ਹਨ।

  ਇਹ ਫੰਡਿੰਗ ਹੋਮ ਕੇਅਰ ਸੇਵਾਵਾਂ ਵਿੱਚ ਵਾਧਾ ਵੀ ਕਰੇਗੀ ਅਤੇ ਦੇਖਭਾਲ ਦੀ ਕੁਆਲਟੀ ਵਿੱਚ ਸੁਧਾਰ ਕਰੇਗੀ, ਜਿਸ ਨਾਲ ਲੋਕਾਂ ਲਈ ਦੇਖਭਾਲ ਨਾਲ ਜੁੜਨਾ ਸੌਖਾ ਅਤੇ ਤੇਜ਼ ਹੋਵੇਗਾ।

- ਤਿੰਨ ਸਾਲਾਂ ਵਿੱਚ $170 ਮਿਲੀਅਨ ਦਾ ਨਿਵੇਸ਼ ਕਰਕੇ ਜੀਵਨ ਹੁਨਰ ਵਿਕਾਸ, ਪੋਸਟ-ਸੈਕੰਡਰੀ ਸਿੱਖਿਆ, ਸਿਖਲਾਈ ਅਤੇ ਰੁਜ਼ਗਾਰ ਲਈ ਮਾਰਗਾਂ ਮੁਤਾਬਕ ਕਰਨ ਵਿੱਚ ਸਹਾਇਤਾ ਦੁਆਰਾ ਵਿੱਤੀ ਸੁਤੰਤਰਤਾ ਪ੍ਰਾਪਤ ਕਰਨ ਵਿੱਚ ਨੌਜਵਾਨਾਂ ਦੀ ਮਦਦ ਕਰਨ ਲਈ  ਰੈਡੀ, ਸੈੱਟ, ਗੋ (Ready, Set, Go) ਪ੍ਰੋਗਰਾਮ ਦਾ ਸਮਰਥਨ ਕਰਕੇ ਚਾਇਲਡ ਵੈਲਫੇਅਰ ਸਿਸਟਮ ਨੂੰ ਛੱਡਣ ਵਾਲੇ ਨੌਜਵਾਨਾਂ ਲਈ ਲੰਬੇ ਸਮੇਂ ਦੇ ਨਤੀਜਿਆਂ ਵਿੱਚ ਸੁਧਾਰ ਕਰਨਾ।

ਮੰਤਰੀ Bethlenfalvy ਨੇ ਕਿਹਾ, "ਸਾਡੀ ਸੋਚੀ ਸਮਝੀ, ਪਾਰਦਰਸ਼ੀ ਪਹੁੰਚ ਨਾਲ ਸਾਡੇ ਕੋਲ ਪੂਰੇ ਓਨਟਾਰੀਓ ਵਿੱਚ ਪਰਿਵਾਰਾਂ, ਕਾਮਿਆਂ ਅਤੇ ਕਾਰੋਬਾਰਾਂ ਨੂੰ ਸਹਾਇਤਾ ਦਿੰਦੇ ਹੋਏ ਬਜਟ ਨੂੰ ਸੰਤੁਲਿਤ ਕਰਨ ਦਾ ਪਲਾਨ ਹੈ। ਅਸੀਂ ਇਸ ਪਹੁੰਚ ਨੂੰ ਜਾਰੀ ਰੱਖਾਂਗੇ, ਜੋ ਅਜਿਹਾ ਓਨਟਾਰੀਓ ਬਣਾ ਰਿਹਾ ਹੈ, ਜਿਸ ਉੱਤੇ ਇਸ ਸੂਬੇ ਦੇ ਲੋਕ ਨਾ ਸਿਰਫ਼ ਅੱਜ, ਸਗੋਂ ਭਵਿੱਖ ਵਿੱਚ ਵੀ ਮਾਣ ਕਰ ਸਕਦੇ ਹਨ। ਉਹ ਓਨਟਾਰਿਓ, ਜੋ ਮਜ਼ਬੂਤ ਹੈ।"

ਸਰਕਾਰ ਓਨਟਾਰੀਓ ਦੇ ਆਰਥਿਕ ਅਤੇ ਵਿੱਤੀ ਆਉਲੁੱਕ ਬਾਰੇ ਇੱਕ ਅੱਪਡੇਟ ਜਾਣਕਾਰੀ ਦੇ ਰਹੀ ਹੈ, ਅਜਿਹਾ ਪਲਾਨ ਦੇ ਨਾਲ ਜੋ 2024-25 ਵਿੱਚ ਬਜਟ ਨੂੰ ਸੰਤੁਲਿਤ ਕਰੇਗਾ, ਪਿਛਲੇ ਬਜਟ ਵਿੱਚ ਲਗਾਏ ਅੰਦਾਜ਼ੇ ਨਾਲੋਂ ਤਿੰਨ ਸਾਲ ਪਹਿਲਾਂ।

*ਸੰਖੇਪ ਤੱਥ*

- *ਓਨਟਾਰੀਓ ਦੇ 2022-23 ਘਾਟੇ ਦਾ ਅੰਦਾਜ਼ਾ $2.2 ਬਿਲੀਅਨ ਹੈ — 2022 ਦੇ ਬਜਟ ਵਿੱਚ ਪ੍ਰਕਾਸ਼ਿਤ ਆਉਟਲੁੱਕ ਤੋਂ $17.7 ਬਿਲੀਅਨ ਘੱਟ ਅਤੇ 2022-23 ਤਿਮਾਹੀ ਵਿੱਤ ਵਿੱਚ ਪ੍ਰਕਾਸ਼ਿਤ ਆਉਟਲੁੱਕ ਤੋਂ $4.4 ਬਿਲੀਅਨ ਘੱਟ।*
- ਸਰਕਾਰ 2023-24 ਵਿੱਚ $1.3 ਬਿਲੀਅਨ ਦੇ ਘਾਟੇ ਦਾ ਅੰਦਾਜ਼ਾ ਲਗਾ ਰਹੀ ਹੈ ਅਤੇ 2024-25 ਵਿੱਚ $0.2 ਬਿਲੀਅਨ ਦੀ ਬੱਚਤ ਕਰਨ ਦੇ ਰਾਹ ਉੱਤੇ ਹੈ, ਜੋ ਕਿ *2022 ਬਜਟ* ਵਿੱਚ ਲਗਾਏ ਅੰਦਾਜ਼ੇ ਤੋਂ ਤਿੰਨ ਸਾਲ ਪਹਿਲਾਂ ਹੈ। ਸਰਕਾਰ 2025-26 ਵਿੱਚ $4.4 ਬਿਲੀਅਨ ਦੀ ਬੱਚਤ ਦਾ ਅੰਦਾਜ਼ਾ ਵੀ ਲਗਾ ਰਹੀ ਹੈ। ਹਾਲਾਂਕਿ ਇਹ ਇੱਕ ਚੰਗਾ ਅੱਪਡੇਟ ਹੈ, ਮਹੱਤਵਪੂਰਨ ਆਰਥਿਕ ਅਤੇ ਭੂ-ਰਾਜਨੀਤਿਕ ਅਨਿਸ਼ਚਿਤਤਾ ਬਰਕਰਾਰ ਹੈ।
- ਓਨਟਾਰੀਓ ਦੀ ਅਸਲ GDP 2022 ਵਿੱਚ ਅੰਦਾਜ਼ਾਨ 3.7 ਫੀਸਦੀ ਵਧੀ ਹੈ ਅਤੇ 2023 ਵਿੱਚ 0.2 ਫੀਸਦੀ, 2024 ਵਿੱਚ 1.3 ਫੀਸਦੀ, 2025 ਵਿੱਚ 2.5 ਫੀਸਦੀ ਅਤੇ 2026 ਵਿੱਚ 2.4 ਫੀਸਦੀ ਵਧਣ ਦਾ ਅੰਦਾਜ਼ਾ ਹੈ। ਸਾਵਧਾਨੀ ਨਾਲ ਕੀਤੀ ਵਿੱਤੀ ਵਿਉਂਤਬੰਦੀ ਦੇ ਮਕਸਦ ਲਈ ਇਹ ਅੰਦਾਜ਼ੇ ਨਿੱਜੀ-ਖੇਤਰ ਲਗਾਏ ਅੰਦਾਜ਼ਿਆਂ ਦੀ ਔਸਤ ਤੋਂ ਥੋੜ੍ਹਾ ਘੱਟ ਹਨ।
- 2022-23 ਵਿੱਚ ਸ਼ੁੱਧ ਕਰਜ਼ਾ-ਤੋਂ-ਜੀਡੀਪੀ ਅਨੁਪਾਤ 37.8-ਫੀਸਦੀ ਹੋਣ ਦਾ ਅੰਦਾਜ਼ਾ ਹੈ - 2011-12 ਤੋਂ ਬਾਅਦ ਸਭ ਤੋਂ ਘੱਟ ਪੱਧਰ। ਦਰਮਿਆਨੀ-ਮਿਆਦ ਦੀ ਆਉਟਲੁੱਕ ਵਿੱਚ, ਓਨਟਾਰੀਓ ਦਾ ਸ਼ੁੱਧ ਕਰਜ਼ਾ-ਤੋਂ-ਜੀਡੀਪੀ ਅਨੁਪਾਤ ਹੁਣ 2023-24 ਵਿੱਚ 37.8 ਫੀਸਦੀ, 2024-25 ਵਿੱਚ 37.7 ਫੀਸਦੀ, ਅਤੇ 2025-26 ਵਿੱਚ ਘਟ ਕੇ 36.9 ਫੀਸਦੀ ਹੋਣ ਦਾ ਅੰਦਾਜ਼ਾ ਹੈ।

**ਵਾਧੂ ਸਰੋਤ**

*2023 ਬਜਟ ਇੱਕ ਮਜ਼ਬੂਤ ਓਨਟਾਰੀਓ ਬਣਾਉਣਾ* ਪੜ੍ਹੋ।

ਸਰਕਾਰ ਦੇ ਪਲਾਨ ਦੀਆਂ ਹਾਈਲਾਈਟਾਂ ਪੜ੍ਹੋ

ਆਰਥਿਕ ਅਤੇ ਵਿੱਤੀ ਸਾਰ ਪੜ੍ਹੋ

*2022 ਓਨਟਾਰੀਓ ਆਰਥਿਕ ਆਉਟਲੁੱਕ ਅਤੇ ਵਿੱਤੀ ਸਮੀਖਿਆ — ਨਿਰਮਾਣ ਲਈ ਓਨਟਾਰੀਓ ਦਾ ਪਲਾਨ (Ontario's Plan to Build)* ਪੜ੍ਹੋ: *ਤਰੱਕੀ ਬਾਰੇ ਜਾਣਕਾਰੀ*

---


**ਮੀਡੀਆ ਸੰਪਰਕ**

Emily Hogeveen

ਮੰਤਰੀ ਦਾ ਦਫ਼ਤਰ

647-294-6166
Emily.Hogeveen@ontario.ca

Scott Blodgett
ਕਮਿਊਨੀਕੇਸ਼ਨ ਬਰਾਂਚ

416-728-9791
Scott.Blodgett@ontario.ca


ontario.ca/finance-news
*Disponible en français*